# 8 ਗੁਰੂ ਸੰਗਤ ਅਤੇ ਬੰਦਗੀ

## ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
## ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥

ਮਘਰ ਮਹੀਨੇ ਲਈ ਉਪਦੇਸ਼ : ਉਹ ਜੀਵ ਰੂਪੀ ਇਸਤਰੀਆਂ ਸੋਭਦੀਆਂ ਹਨ ਜੋ ਸਦਾ ਆਪਣੇ ਗੁਰੂ ਪ੍ਰੀਤਮ-ਪਤੀ ਨਾਲ ਹੀ ਬੈਠਦੀਆਂ ਹਨ, ਭਾਵ ਉਨ੍ਹਾਂ ਦੇ ਨਾਲ ਹੀ ਸੰਗਤ ਕਰਦਿਆਂ ਨਿਕਟਤਾ ਪ੍ਰਾਪਤ ਕਰ ਲੈਂਦੀਆਂ ਹਨ।
ਉਨ੍ਹਾਂ ਵਿਚੋਂ ਵੀ ਉਨ੍ਹਾਂ ਦੀ ਵਡਿਆਈ ਅਤੇ ਸੋਭਾ ਬਿਆਨ ਕਰਨ ਦੀ ਸੀਮਾ ਤੋਂ ਵੀ ਵੱਧ ਜਾਂਦੀ ਹੈ ਜਿਨ੍ਹਾਂ ਨੂੰ ਆਪਣੇ ਸਾਹਿਬ ਗੁਰੂ ਨਾਲ ਮਿਲਾਪ ਹਾਸਲ ਹੋ ਜਾਂਦਾ ਹੈ।

## ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
## ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥

ਜਿਨ੍ਹਾਂ ਜੀਵ ਰੂਪੀ ਇਸਤਰੀਆਂ ਨੂੰ ਸਾਧੂ ਦਾ ਸਹੇਲਪੁਣਾ ਮਿਲ ਜਾਂਦਾ ਹੈ ਉਨ੍ਹਾਂ ਦਾ ਤਨ ਮਨ, ਪਰਮਾਤਮਾ ਦੇ ਨਾਮ ਵਿਚ ਰੰਗੀਜ ਕੇ ਵਿਗਾਸ, ਭਾਵ ਸਦਾ ਖੇੜੇ, ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ।
ਜੋ ਜੀਵ ਇਸਤਰੀਆਂ ਸਾਧੂ ਦੀ ਰਜ਼ਾ ਜਾ ਹੁਕਮ ਤੋਂ ਬਾਹਰੀ ਹੋ ਕੇ ਜੀਵਨ

ਜਿਉਂਦੀਆਂ ਹਨ, ਸਾਧੂ ਗੁਰੂ ਉਨ੍ਹਾਂ ਦੇ ਨਾਲ ਨਹੀਂ ਖੜ੍ਹੋਂਦਾ, ਭਾਵ ਇਥੋਂ ਜਾਣ ਤੋਂ ਬਾਅਦ ਉਨ੍ਹਾਂ ਦਾ ਹਾਮਾ ਨਹੀਂ ਭਰਦਾ ਤੇ ਉਹ ਇਕੱਲੀਆਂ ਰਹਿ ਜਾਂਦੀਆਂ ਹਨ ਅਤੇ ਛੁਟੱੜ ਅਖਵਾਉਂਦੀਆਂ ਹਨ।

## ਤਿਨ ਦੂਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
## ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥

ਉਨ੍ਹਾਂ ਦਾ ਜਨਮ ਮਰਨ ਦਾ ਦੁੱਖ ਕਦੇ ਨਹੀਂ ਮੁਕਦਾ ਅਤੇ ਉਨ੍ਹਾਂ ਨੂੰ ਜਮਾਂ ਦੇ ਵਸ ਪੈਣਾ ਪੈਂਦਾ ਹੈ।
ਜਿਨ੍ਹਾਂ ਨੇ ਆਪਣੇ ਗੁਰੂ ਨਾਲ ਮਿਲਾਪ ਪ੍ਰਾਪਤ ਕਰ ਲਿਆ ਹੈ, ਗੁਰੂ ਉਨ੍ਹਾਂ ਦੇ ਨਾਲ ਹੀ ਖੜ੍ਹਾ ਦਿਸਦਾ ਹੈ, ਭਾਵ ਗੁਰੂ ਉਨ੍ਹਾਂ ਦੇ ਅੰਗ ਸੰਗ ਰਹਿੰਦਾ ਹੈ।

## ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
## ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥

ਉਨ੍ਹਾਂ ਦੇ ਗਲੇ ਵਿਚ ਗੁਰੂ ਦੇ ਖਜ਼ਾਨੇ ਦੇ ਰਤਨ, ਜਵਾਹਰ, ਲਾਲ ਆਦਿ ਸੁਭਾਇਮਾਨ ਹੁੰਦੇ ਹਨ, ਭਾਵ ਰੱਬੀ ਗੁਣ ਅਤੇ ਸੱਤਾ ਪ੍ਰਾਪਤ ਹੁੰਦੇ ਹਨ।
ਜੋ ਜੀਵ ਇਸਤਰੀਆਂ ਇਸ ਤਰ੍ਹਾਂ ਗੁਰੂ ਦੀ ਸ਼ਰਣ ਵਿਚ ਢਹਿ ਪੈਂਦੀਆਂ ਹਨ, ਪੰਜਵੇਂ ਨਾਨਕ ਉਨ੍ਹਾਂ ਦੇ ਚਰਣਾਂ ਦੀ ਧੂੜ ਲੈਣਾ ਲੋਚਦੇ ਹਨ

# ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

ਇਸ ਤਰੀਕੇ ਮਘਰ ਦੇ ਮਹੀਨੇ ਵਿਚ ਬੰਦਗੀ ਕਰਨ ਨਾਲ ਫ਼ਿਰ ਫ਼ਿਰ ਜੰਮਣਾਂ ਨਹੀਂ ਪੈਂਦਾ।੧੦।

Last modified: 2 Mar 2020